## ਬੀ.ਸੀ. ਦੀ ਕੋਵਿਡ–19 ਵੈਕਸੀਨ ਪਲੈਨ ਦਾ ਪੜਾ 2 ਵੱਡਾ ਹੋ ਰਿਹਾ ਹੈ।

ਸਾਡੇ ਬਜ਼ੁਰਗਾਂ (ਸੀਨੀਅਰਾਂ) ਦੇ ਕੋਵਿਡ-19 ਦੀ ਵੈਕਸੀਨ ਲੱਗਣ ਵਿਚ ਸਾਡੀ ਮਦਦ ਕਰੋ। ਭਾਈਚਾਰੇ ਵਿਚ ਸੀਨੀਅਰਾਂ ਤੱਕ ਇਹ ਗੱਲ ਫੈਲਾਉ ਕਿ ਉਨ੍ਹਾਂ ਨੂੰ ਛੇਤੀ ਹੀ ਕੋਵਿਡ-19 ਵੈਕਸੀਨ ਦਾ ਆਪਣਾ ਪਹਿਲਾ ਟੀਕਾ (ਡੋਜ਼) ਬੁੱਕ ਕਰਨ ਲਈ ਸੱਦਾ ਦਿੱਤਾ ਜਾਵੇਗਾ।

ਲੋਕਾਂ ਨੂੰ ਉਸ ਉਮਰ ਦੇ ਆਧਾਰ ’ਤੇ ਬੁੱਕ ਕਰਨ ਲਈ ਸੱਦਾ ਦਿੱਤਾ ਜਾਵੇਗਾ ਜਿੰਨੀ ਦੇ ਉਹ 2021 ਵਿਚ ਹੋ ਜਾਣਗੇ (ਜਿਵੇਂ ਜੇ ਤੁਸੀਂ ਇਸ ਸਾਲ ਕਿਸੇ ਸਮੇਂ 90 ਸਾਲ ਦੇ ਹੋ ਰਹੇ ਹੋ ਤਾਂ ਤੁਹਾਨੂੰ 90 ਅਤੇ ਇਸ ਤੋਂ ਜ਼ਿਆਦਾ ਉਮਰ ਦੇ ਗਰੁੱਪ ਨਾਲ ਬੁੱਕ ਕਰਨ ਲਈ ਸੱਦਾ ਦਿੱਤਾ ਜਾਵੇਗਾ, ਅਤੇ ਇਸੇ ਤਰ੍ਹਾਂ ਬਾਕੀ ਗਰੁੱਪਾਂ ਦਾ ਹੋਵੇਗਾ।)

ਬੁਕਿੰਗ ਸੋਮਵਾਰ, 8 ਮਾਰਚ ਤੋਂ ਸ਼ੁਰੂ ਹੋ ਕੇ ਫੋਨ ’ਤੇ ਜਾਂ ਔਨਲਾਈਨ ਕੀਤੀ ਜਾ ਸਕੇਗੀ (ਕਿਰਪਾ ਕਰਕੇ ਉਸ ਤਾਰੀਕ ਤੋਂ ਪਹਿਲਾਂ ਫੋਨ ਕਰਨ ਦੀ ਜਾਂ ਬੁੱਕ ਕਰਨ ਦੀ ਕੋਸ਼ਿਸ਼ ਨਾ ਕਰੋ)।

ਫਰੇਜ਼ਰ ਹੈਲਥ ਦੀ ਕੋਵਿਡ-19 ਵੈਕਸੀਨ ਦੀ ਬੁਕਿੰਗ ਲਈ ਫੋਨ ਲਾਈਨ: 1-855-755-2455

ਜੇ ਤੁਸੀਂ ਫਰੇਜ਼ਰ ਹੈਲਥ ਵਿਚ ਵਿਚ ਰਹਿੰਦੇ ਹੋ* ਤਾਂ ਤੁਸੀਂ Fraserhealth.ca/vaccinebooking ’ਤੇ ਔਨਲਾਈਨ ਵੀ ਬੁੱਕ ਕਰ ਸਕਦੇ ਹੋ

ਕਿਰਪਾ ਕਰਕੇ ਨੋਟ ਕਰੋ: ਇਹ ਸੇਵਾਵਾਂ ਵੈਕਸੀਨ ਦੇ ਪਹਿਲੇ ਟੀਕੇ ਦੀ ਅਪੌਇੰਟਮੈਂਟ ਦੀ ਬੁਕਿੰਗ ਲਈ ਹਨ, ਅਤੇ ਇਹ ਇਸ ਵੇਲੇ ਫਰੇਜ਼ਰ ਹੈਲਥ* ਦੇ ਸਿਰਫ 80 ਸਾਲ ਅਤੇ ਜ਼ਿਆਦਾ ਉਮਰ ਦੇ ਵਸਨੀਕਾਂ ਅਤੇ 65 ਸਾਲ ਅਤੇ ਜ਼ਿਆਦਾ ਉਮਰ ਦੇ ਆਦਿਵਾਸੀ (ਫਸਟ ਨੇਸ਼ਨਜ਼, ਮੇਟੀਸ, ਇਨੂਇਟ) ਵਿਅਕਤੀਆਂ ਲਈ ਹੀ ਉਪਲਬਧ ਹਨ।

**ਫਰੇਜ਼ਰ ਹੈਲਥ ਇਲਾਕੇ ਦੀਆਂ ਕਮਿਉਨਟੀਆਂ ਵਿਚ ਇਹ ਸ਼ਾਮਲ ਹਨ: ਐਬਟਸਫੋਰਡ, ਐਨਮੋਰ, ਬਰਨਬੀ, ਬੇਲਕਾਰਾ, ਚਿਲੀਵੈਕ, ਕੋਕਿਉਟਲਮ, ਡੈਲਟਾ, ਫਰੇਜ਼ਰ ਵੈਲੀ ਰੀਜ਼ਨਲ ਡਿਸਟਰਿਕਟ, ਹੈਰੀਸਨ ਹੌਟ ਸਪਰਿੰਗਜ਼, ਹੋਪ, ਕੈਂਟ, ਲੈਂਗਲੀ, ਮੇਪਲ ਰਿਜ, ਮਿਸ਼ਨ, ਨਿਊ ਵੈੱਸਟਮਿਨਸਟਰ, ਪਿਟ ਮੀਡੋਜ਼, ਪੋਰਟ ਕੋਕਿਉਟਲਮ, ਪੋਰਟ ਮੂਡੀ, ਸਰੀ ਅਤੇ ਵਾਈਟ ਰੌਕ।*

### ਆਦਿਵਾਸੀ ਲੋਕਾਂ ਲਈ ਕੋਵਿਡ–19 ਵੈਕਸੀਨ ਦੇ ਕਲੀਨਿਕ

ਫਸਟ ਨੇਸ਼ਨਜ਼ ਹੈਲਥ ਅਥਾਰਟੀ, ਮੇਟੀਸ ਨੇਸ਼ਨ ਬ੍ਰਿਟਿਸ਼ ਕੋਲੰਬੀਆ, ਫਰਿੰਡਸ਼ਿਪ ਸੈਂਟਰਜ਼ ਅਤੇ ਕਮਿਉਨਟੀ ਦੀਆਂ ਹੋਰ ਸੰਸਥਾਵਾਂ ਦੀ ਭਾਈਵਾਲੀ ਨਾਲ, ਸਭਿਆਚਾਰਕ ਮਦਦ ਵਾਲੇ ਕੋਵਿਡ-19 ਇਮਿਊਨਾਈਜ਼ੇਸ਼ਨ ਕਲੀਨਿਕ ਉਨ੍ਹਾਂ ਲੋਕਾਂ ਲਈ ਉਪਲਬਧ ਹਨ ਜਿਹੜੇ ਆਪਣੀ ਪਛਾਣ 65 ਸਾਲ ਜਾਂ ਜ਼ਿਆਦਾ ਉਮਰ ਦੇ ਆਦਿਵਾਸੀ ਵਿਅਕਤੀਆਂ (ਫਸਟ ਨੇਸ਼ਨਜ਼, ਮੇਟੀਸ, ਇਨੂਇਟ) ਅਤੇ ਆਦਿਵਾਸੀ ਐਲਡਰਾਂ ਵਜੋਂ ਕਰਦੇ ਹਨ।

### ਆਪਣੀ ਕੋਵਿਡ-19 ਵੈਕਸੀਨ ਦੀ ਅਪੌਇੰਟਮੈਂਟ ਬੁੱਕ ਕਰਨਾ

ਫੋਨ ਲਾਈਨ ਨੂੰ ਕਾਲ ਕਰਨ ਤੋਂ ਪਹਿਲਾਂ ਕਿਰਪਾ ਕਰਕੇ ਇਹ ਤਿਆਰ ਰੱਖੋ:

- ਪੈੱਨ ਅਤੇ ਪੇਪਰ
- ਆਪਣਾ ਪਰਸਨਲ ਹੈਲਥ ਨੰਬਰ (ਨਿੱਜੀ ਸਿਹਤ ਨੰਬਰ)
- ਪੂਰਾ ਨਾਂ
- ਜਨਮ ਦੀ ਤਾਰੀਕ
- ਪੋਸਟਲ ਕੋਡ

ਫੋਨ ਨੰਬਰ ਜਿਹੜਾ ਟੈਕਸਟ ਮੈਸੇਜ ਲੈ ਸਕਦਾ ਹੋਵੇ ਜਾਂ ਈਮੇਲ ਐਡਰੈਸ ਜਿਸ ਨੂੰ ਤੁਸੀਂ ਜਾਂ ਤੁਹਾਡਾ ਪਰਿਵਾਰ ਅਕਸਰ ਚੈੱਕ ਕਰਦੇ ਹੋ, ਉਸ ਹਾਲਤ ਲਈ ਜੇ ਸਾਡੇ ਵਲੋਂ ਤੁਹਾਨੂੰ ਕੋਈ ਜ਼ਰੂਰੀ ਜਾਣਕਾਰੀ ਭੇਜਣ ਦੀ ਲੋੜ ਹੋਵੇ।

ਸਾਡੇ ਕਾਲ ਸੈਂਟਰ ਦੇ ਏਜੰਟ ਤੁਹਾਡੇ ਤੋਂ ਕਦੇ ਵੀ ਪੈਸਿਆਂ ਦੀ ਜਾਣਕਾਰੀ ਨਹੀਂ ਮੰਗਣਗੇ, ਜਿਸ ਵਿਚ ਕਰੈਡਿਟ ਕਾਰਡ ਦੀ ਜਾਣਕਾਰੀ ਵੀ ਸ਼ਾਮਲ ਹੈ।

ਵੈਕਸੀਨ ਬਾਰੇ ਜੇ ਤੁਹਾਡੇ ਕੋਈ ਮੈਡੀਕਲ ਸਵਾਲ ਹੋਣ ਤਾਂ ਕਿਰਪਾ ਕਰਕੇ ਆਪਣੇ ਫੈਮਿਲੀ ਡਾਕਟਰ, ਨਰਸ ਪ੍ਰੈਕਟੀਸ਼ਨਰ ਨਾਲ ਗੱਲ ਕਰੋ ਜਾਂ ਫਰੇਜ਼ਰ ਹੈਲਥ ਦੀ ਵਰਚੂਅਲ ਕੇਅਰ ਟੀਮ ਨੂੰ 1-800-314-0999 ’ਤੇ ਸਵੇਰ ਦੇ 10 ਵਜੇ ਅਤੇ ਰਾਤ ਦੇ 10 ਵਜੇ ਦੇ ਵਿਚਕਾਰ ਫੋਨ ਕਰੋ ਜੋ ਕਿ ਹਫਤੇ ਦੇ ਸੱਤੇ ਦਿਨ ਖੁੱਲ੍ਹੀ ਹੁੰਦੀ ਹੈ, ਜਾਂ ਇਨ੍ਹਾਂ ਸਮਿਆਂ ਤੋਂ ਬਾਹਰ 8-1-1 ਨੂੰ ਫੋਨ ਕਰੋ।

ਜੇ ਤੁਹਾਡੇ ਮਨ ਵਿਚ ਕੋਵਿਡ-19 ਬਾਰੇ ਆਮ ਸਵਾਲ ਹੋਣ ਤਾਂ ਕਿਰਪਾ ਕਰਕੇ 1-888-COVID19 (1-888-268-4319) ਨੂੰ ਫੋਨ ਕਰੋ ਜਾਂ www.bccdc.ca/covid19 ’ਤੇ ਜਾਉ।

ਆਪਣੀ ਅਪੌਇੰਟਮੈਂਟ ਲਈ ਤਿਆਰੀ ਕਰਨ ਵਾਸਤੇ ਤੁਹਾਨੂੰ ਕੀ ਕਰਨ ਦੀ ਲੋੜ ਹੈ:

- ਕੋਵਿਡ-19 ਵੈਕਸੀਨ ਹੈਲਥ ਫਾਈਲ ਪੜ੍ਹੋ: https://www.healthlinkbc.ca/hlbc/files/documents/healthfiles/hfile124.pdf
- ਆਪਣਾ ਬੀ ਸੀ ਸਰਵਿਸਿਜ਼ ਕਾਰਡ/ਪਰਸਨਲ ਹੈਲਥ ਨੰਬਰ ਅਤੇ ਫੋਟੋ ਆਈ ਡੀ ਲੈ ਕੇ ਆਉ, ਜੇ ਤੁਹਾਡੇ ਕੋਲ ਇਹ ਹਨ।
- ਮਾਸਕ ਪਾਉ। ਜੇ ਤੁਹਾਡੇ ਕੋਲ ਮਾਸਕ ਨਾ ਹੋਵੇ ਤਾਂ ਅਸੀਂ ਤੁਹਾਨੂੰ ਇਹ ਦੇ ਸਕਦੇ ਹਾਂ।

ਤੁਹਾਡੀ ਅਪੌਇੰਟਮੈਂਟ ਨੂੰ ਤਕਰੀਬਨ 20 ਤੋਂ 25 ਮਿੰਟ ਲੱਗਣਗੇ। ਜੇ ਤੁਸੀਂ ਠੀਕ ਨਾ ਮਹਿਸੂਸ ਕਰ ਰਹੇ ਹੋਵੋ, ਤੁਹਾਡੇ ਵਿਚ ਕੋਵਿਡ-19 ਵਰਗੀਆਂ ਨਿਸ਼ਾਨੀਆਂ ਹੋਣ (ਜਿਵੇਂ ਖੰਘ, ਛੋਟੇ ਛੋਟੇ ਸਾਹ ਆਉਣਾ, ਬੁਖਾਰ, ਪਾਲਾ ਲੱਗਣਾ, ਸਿਰਦਰਦ) ਜਾਂ ਜੇ ਤੁਹਾਨੂੰ ਇਕਾਂਤਵਾਸ ਵਿਚ ਹੋਣ ਲਈ ਕਿਹਾ ਗਿਆ ਹੈ ਤਾਂ ਕਿਰਪਾ ਕਰਕੇ ਆਉ ਨਾ।

## ਸਾਡੇ ਭਾਈਚਾਰੇ ਵਿਚ ਕੋਵਿਡ-19 ਤੋਂ ਰੱਖਿਆ ਵਿਚ ਯੋਗਦਾਨ ਪਾਉਣ ਲਈ ਆਪਣਾ ਰੋਲ ਨਿਭਾਉਣ ਵਾਸਤੇ ਤੁਹਾਡਾ ਧੰਨਵਾਦ!

ਹੈਲਥ ਕੈਨੇਡਾ ਵਲੋਂ ਪ੍ਰਵਾਨ ਕੀਤੀਆਂ ਗਈਆਂ ਕੋਵਿਡ-19 ਦੀਆਂ ਵੈਕਸੀਨਾਂ ਸੁਰੱਖਿਅਤ, ਅਸਰਦਾਰ ਹਨ ਅਤੇ ਇਹ ਜ਼ਿੰਦਗੀਆਂ ਬਚਾਉਣਗੀਆਂ। ਵੈਕਸੀਨਾਂ ਵੈਕਸੀਨ ਲਵਾਉਣ ਵਾਲੇ ਲੋਕਾਂ ਦੀ ਰੱਖਿਆ ਨਾਲੋਂ ਜ਼ਿਆਦਾ ਕੁਝ ਕਰਦੀਆਂ ਹਨ, ਉਹ ਉਨ੍ਹਾਂ ਦੇ ਦੁਆਲੇ ਦੇ ਹਰ ਵਿਅਕਤੀ ਦੀ ਰੱਖਿਆ ਵੀ ਕਰਦੀਆਂ ਹਨ। ਜਿੰਨੇ ਜ਼ਿਆਦਾ ਲੋਕਾਂ ਦੇ ਕਿਸੇ ਇਲਾਕੇ ਵਿਚ ਵੈਕਸੀਨ ਲੱਗਦੀ ਹੈ ਅਤੇ ਕੋਵਿਡ-19 ਤੋਂ ਰੱਖਿਆ ਹੁੰਦੀ ਹੈ, ਓਨਾ ਔਖਾ ਹੀ ਕੋਵਿਡ-19 ਲਈ ਫੈਲਣਾ ਹੋ ਜਾਂਦਾ ਹੈ।

ਚੇਤੇ ਰੱਖਣ ਵਾਲੀ ਚੀਜ਼: ਸੂਬੇ ਦੇ ਹੈਲਥ ਅਫਸਰ (ਪੀ ਐੱਚ ਓ) ਦੇ ਆਰਡਰ ਅਤੇ ਗਾਈਡਲਾਈਨਾਂ ਹਰ ਇਕ ਲਈ ਲਾਗੂ ਹਨ, ਭਾਵੇਂ ਉਸ ਦੇ ਵੈਕਸੀਨ ਲੱਗ ਵੀ ਗਈ ਹੋਵੇ। ਕਿਰਪਾ ਕਰਕੇ ਕੋਵਿਡ-19 ਦੀ ਸੇਫਟੀ ਵਾਲੇ ਵਤੀਰਿਆਂ ’ਤੇ ਅਮਲ ਕਰਨਾ ਜਾਰੀ ਰੱਖੋ, ਜਿਵੇਂ ਕਿ

ਇਕੱਠਾਂ ਤੋਂ ਪਰਹੇਜ਼ ਕਰਨਾ, ਅੰਦਰਲੀਆਂ ਪਬਲਿਕ ਥਾਂਵਾਂ ਵਿਚ ਮਾਸਕ ਪਾਉਣਾ, ਅਕਸਰ ਆਪਣੇ ਹੱਥ ਧੋਣਾ, ਆਪਣੀ ਕੂਹਣੀ ਵਿਚ ਖੰਘਣਾ ਅਤੇ ਛਿੱਕ ਮਾਰਨਾ ਅਤੇ ਹੋਰਨਾਂ ਤੋਂ ਦੋ ਮੀਟਰਾਂ ਦਾ ਫਾਸਲਾ ਰੱਖਣਾ।

ਕੋਵਿਡ-19 ਵੈਕਸੀਨ ਬਾਰੇ ਜਾਣਕਾਰੀ ਲੈਣ ਲਈ ਬੀ ਸੀ ਸੈਂਟਰ ਫਾਰ ਡਿਜ਼ੀਜ਼ ਕੰਟਰੋਲ (ਬੀ ਸੀ ਸੀ ਡੀ ਸੀ) ਸਭ ਤੋਂ ਬਿਹਤਰ ਸ੍ਰੋਤ ਹੈ।

## ਹੋਰ ਗਰੁੱਪ ਵੈਕਸੀਨ ਲਈ ਰਜਿਸਟਰ ਹੋਣ ਦੇ ਕਦੋਂ ਅਤੇ ਕਿਵੇਂ ਯੋਗ ਹੋਣਗੇ?

ਹੋਰ ਗਰੁੱਪਾਂ ਲਈ ਰਜਿਸਟਰੇਸ਼ਨ ਦੇ ਕਾਰਜ ਬਾਰੇ ਵੇਰਵੇ ਆਉਂਦੇ ਹਫਤਿਆਂ ਵਿਚ ਦਿੱਤੇ ਜਾਣਗੇ। ਜ਼ਿਆਦਾ ਵੇਰਵਿਆਂ ਲਈ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਵੈੱਬਸਾਈਟ ਉੱਪਰ ਜਾਉ।

## ਮੈਨੂੰ ਵੈਕਸੀਨ ਕਿਉਂ ਲਵਾਉਣੀ ਚਾਹੀਦੀ ਹੈ?

ਬੀ.ਸੀ. ਵਿਚਲੇ ਵੱਡੀ ਬਹੁਗਿਣਤੀ ਲੋਕਾਂ ਦੇ ਕੋਵਿਡ-19 ਵੈਕਸੀਨ ਲੱਗਣ 'ਤੇ ਕਮਿਉਨਟੀ (ਹਰਡ) ਸੁਰੱਖਿਆ 'ਤੇ ਪਹੁੰਚਿਆ ਜਾ ਸਕਦਾ ਹੈ। ਜਦੋਂ ਤੁਸੀਂ ਕੋਵਿਡ-19 ਵੈਕਸੀਨ ਦਾ ਟੀਕਾ ਲਵਾਉਣ ਦੀ ਚੋਣ ਕਰਦੇ ਹੋ ਤਾਂ ਤੁਸੀਂ ਆਪਣੇ ਪਰਿਵਾਰ ਅਤੇ ਸਾਰੇ ਭਾਈਚਾਰੇ ਦੀ ਵਾਇਰਸ ਤੋਂ ਰੱਖਿਆ ਕਰਕੇ ਜ਼ਿੰਦਗੀਆਂ ਬਚਾਉਣ ਵਿਚ ਮਦਦ ਕਰ ਰਹੇ ਹੁੰਦੇ ਹੋ।

ਸਾਨੂੰ ਸਾਰਿਆਂ ਨੂੰ ਉਹ ਕਦਮ ਚੁੱਕ ਕੇ ਇਕ ਦੂਜੇ ਦੀ ਰੱਖਿਆ ਕਰਨਾ ਜਾਰੀ ਰੱਖਣ ਦੀ ਲੋੜ ਹੈ ਜਿਨ੍ਹਾਂ ਬਾਰੇ ਅਸੀਂ ਜਾਣਦੇ ਹਾਂ ਕਿ ਉਹ ਇਸ ਵਾਇਰਸ ਦੇ ਲੱਗਣ ਤੋਂ ਰੋਕਥਾਮ ਕਰਨ ਲਈ ਕੰਮ ਕਰਦੇ ਹਨ ਜਿਵੇਂ ਕਿ ਆਪਣੇ ਹੱਥ ਧੋਣਾ, ਬੀਮਾਰ ਹੋਣ 'ਤੇ ਘਰ ਰਹਿਣਾ, ਉਨ੍ਹਾਂ ਲੋਕਾਂ ਤੋਂ ਫਾਸਲੇ 'ਤੇ ਰਹਿਣਾ ਜਿਨ੍ਹਾਂ ਨੂੰ ਅਸੀਂ ਨਹੀਂ ਜਾਣਦੇ, ਅਤੇ ਪਬਲਿਕ ਦੀਆਂ ਅੰਦਰਲੀਆਂ ਥਾਂਵਾਂ ਵਿਚ ਮਾਸਕ ਪਾਉਣਾ।

ਕੋਵਿਡ-19 ਦੀ ਵੈਕਸੀਨ ਬ੍ਰਿਟਿਸ਼ ਕੋਲੰਬੀਆ ਵਿਚਲੇ ਹਰ ਵਿਅਕਤੀ ਲਈ ਮੁਫਤ ਹੋਵੇਗੀ।

ਵੈਕਸੀਨ ਬਾਰੇ ਆਮ ਜਾਣਕਾਰੀ ਲਈ gov.bc.ca/covidvaccine or bccdc.ca/covid19 'ਤੇ ਜਾਉ।